ਦੇਸ਼ ਸੇਵਕ, ਚੰਡੀਗੜ੍ਹ, ਐਤਵਾਰ 27 ਫਰਵਰੀ, 2000

ਵਿਚਾਰ-ਚਰਚਾ

ਗੁਰਸ਼ਰਨ ਸਿੰਘ

# ਸਾਧਾਰਨ ਬੰਦੇ ਦੇ ਵਿਰੁੱਧ ਸਾਜਿਸ਼

ਇਹ ਤਾਂ ਮੰਨੀ ਹੋਈ ਗੱਲ ਹੈ ਕਿ ਦੇਸ਼ ਵਿਚ ਜਿਹੜੀ ਪ੍ਰਬੰਧਕੀ ਚੱਲ ਰਹੀ ਹੈ, ਉਹ ਸਾਧਾਰਨ ਬੰਦਿਆਂ ਦੀਆਂ ਮੁਸ਼ਕਿਲਾਂ, ਦੁੱਖਾਂ ਅਤੇ ਤਕਲੀਫ਼ਾਂ ਨੂੰ ਪੂਰੀ ਤਰ੍ਹਾਂ ਨਜ਼ਰਅੰਦਾਜ਼ ਕਰਦੀ ਹੈ। ਇਹਦੇ ਵਿਚ ਪ੍ਰੈਸ ਪ੍ਰਬੰਧਕੀ ਵੀ ਪੂਰੀ ਤਰ੍ਹਾਂ ਮੱਦਦ ਕਰਦੀ ਹੈ। ਅਖ਼ਬਾਰਾਂ ਵਿਚ ਉਨ੍ਹਾਂ ਖ਼ਬਰਾਂ ਨੂੰ ਹੀ ਮਹੱਤਤਾ ਦਿੱਤੀ ਜਾਂਦੀ ਹੈ, ਜਿਨ੍ਹਾਂ ਦਾ ਸਾਧਾਰਨ ਬੰਦਿਆਂ ਦੇ ਮਸਲਿਆਂ ਨਾਲ ਕੋਈ ਸਰੋਕਾਰ ਨਹੀਂ। ਪੰਜਾਬ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਦੇ ਅਧਿਕਾਰਾਂ ਦਾ ਮਸਲਾ ਹੀ ਸਾਹ ਨਹੀਂ ਲੈਣ ਦੇਂਦਾ। ਸਿੰਘ ਸਾਹਿਬ ਗਿਆਨੀ ਪੂਰਨ ਸਿੰਘ ਨੇ ਬੀਬੀ ਜਗੀਰ ਕੌਰ ਨੂੰ ਪੰਥ ਤੋਂ ਖ਼ਾਰਜ ਕਰ ਦਿੱਤਾ ਹੈ। ਬੀਬੀ ਇਕਾਂਤਵਾਸ ਵਿਚ ਚਲੀ ਗਈ ਹੈ। ਉੱਥੇ ਉਹ ਸਿਰਫ਼ ਗੁਰੂ ਦੀ ਬਾਣੀ ਵਿਚ ਧਿਆਨ ਲਾਵੇਗੀ। ਉਹ ਕਿਸੇ ਨੂੰ ਨਹੀਂ ਮਿਲੇਗੀ। ਫਿਰ ਇਕ ਵੱਡੀ ਖ਼ਬਰ ਆ ਜਾਂਦੀ ਹੈ। ਉਹ ਕਿਸੇ ਪੱਤਰਕਾਰ ਨੇ ਬੜੀ ਮਿਹਨਤ ਨਾਲ ਲੱਭੀ ਹੈ ਕਿ ਬਾਦਲ ਸਾਹਿਬ ਬੀਬੀ ਨੂੰ ਮਿਲੇ ਹਨ; ਇਕਾਂਤਵਾਸ ਭੰਗ ਹੋਈ ਹੈ। ਬਾਦਲ ਸਾਹਿਬ ਇਨਕਾਰ ਕਰਦੇ ਹਨ, ਦੂਜੇ ਦਿਨ ਖ਼ਬਰ ਦੀ ਤਸਦੀਕ ਹੋ ਜਾਂਦੀ ਹੈ। ਬੁੱਧੀਜੀਵਾਂ ਵਿਚ ਬਹਿਸ ਛਿੜ ਜਾਂਦੀ ਹੈ। ਕਾਲਮਾਂ ਦੇ ਕਾਲਮ ਲਿਖੇ ਜਾਂਦੇ ਹਨ। ਕੋਈ ਪੁੱਛੇ ਭਲਾਂ ਇਨ੍ਹਾਂ ਖ਼ਬਰਾਂ ਦਾ ਸਾਧਾਰਨ ਬੰਦੇ ਨਾਲ ਕੀ ਤੁਅੱਲਕ ਹੈ? ਜਵਾਬ ਸਪੱਸ਼ਟ ਨਹੀਂ ਹੈ। ਸਾਧਾਰਨ ਬੰਦੇ ਦਾ ਸਰੋਕਾਰ ਹੈ ਕਿ ਉਹਦੇ ਪਿੰਡ ਜਿਹੜੀ ਸੜਕ ਆਉਂਦੀ ਹੈ, ਉਹ ਟੁੱਟੀ ਹੋਈ ਹੈ। ਪਿੰਡੋਂ ਮਜ਼ਦੂਰੀ ਕਰਨ ਗਿਆ ਬੰਦਾ ਹਨੇਰੇ ਪਏ ਜਦੋਂ ਕੰਮ ਤੋਂ ਵਾਪਸ ਆਉਂਦਾ ਹੈ, ਉਹਦਾ ਸਾਈਕਲ ਠੇਡੇ ਖਾਂਦਾ ਹੈ। ਬਨੂੜ ਤੋਂ ਖਨੌਰ ਦੀ ਪੰਜ ਕਿਲੋਮੀਟਰ ਸੜਕ ਦਾ ਇਕ ਟੋਟਾ ਕੈਪਟਨ ਕੰਵਲਜੀਤ ਸਿੰਘ ਦੇ ਹਲਕੇ ਵਿਚ ਪੈਂਦਾ ਹੈ। ਇਕ ਰਾਜਪੁਰੇ ਦੇ ਬਲਰਾਮ ਜੀ ਦਾਸ ਟੰਡਨ ਥੱਲੇ ਹੈ ਅਤੇ ਇਕ ਟੋਟਾ ਮਖ਼ਸੂਸਪੁਰੀ ਵਾਲੇ ਹਲਕੇ ਦਾ ਵੀ ਹੈ। ਤਿੰਨੇ ਵਜ਼ੀਰ ਹਨ, ਪਰ ਸੜਕ ਦੇ ਟੋਟਿਆਂ ਦਾ ਹਾਲ ਦਸਦਾ ਹੈ ਕਿ ਕਿਸੇ ਵਜ਼ੀਰ ਦੀ ਕਿੰਨੀ ਚਲਦੀ ਹੈ। ਇਹ ਪੰਜ ਕਿਲੋਮੀਟਰ ਸੜਕ ਸਾਧਾਰਨ ਬੰਦੇ ਦੀ ਰੋਜ਼ ਦੀ ਜ਼ਿੰਦਗੀ 'ਤੇ ਪੂਰਾ ਅਸਰ ਪਾਉਂਦੀ ਹੈ। ਸੜਕ ਪੱਧਰੀ ਸਾਫ਼ ਹੋਵੇ ਤਾਂ ਬੰਦਾ ਬਗ਼ੈਰ ਖਿਝ ਦੇ ਘਰ ਪੁੱਜੇਗਾ। ਉਹ ਆਪਣੀ ਪਤਨੀ ਤੇ ਬੱਚਿਆਂ ਨਾਲ ਖ਼ੁਸ਼ੀ-ਖ਼ੁਸ਼ੀ ਪੇਸ਼ ਆਵੇਗਾ। ਘਰ ਦਾ ਮਾਹੌਲ ਠੀਕ ਰਹੇਗਾ। ਪਰ ਅਖ਼ਬਾਰਾਂ ਵਿਚ ਸਰਕਾਰ ਦੀਆਂ ਇਨ੍ਹਾਂ ਨਲਾਇਕੀਆਂ ਦਾ ਜ਼ਿਕਰ ਨਹੀਂ ਆਵੇਗਾ। ਉਨ੍ਹਾਂ ਲਈ ਮਹੱਤਵਪੂਰਨ ਖ਼ਬਰ ਇਹੀ ਹੈ ਕਿ ਬੀਬੀ ਜਗੀਰ ਕੌਰ ਇਕਾਂਤਵਾਸ ਚਲੀ ਗਈ ਹੈ। ਪਿੰਡੋਂ ਕਾਲਜ ਜਾਂਦੇ ਕੁਲਦੀਪ ਸਿੰਘ ਨੇ ਬੀ.ਏ. ਪਾਸ ਕਰ ਲਈ ਹੈ। ਉਹਦੇ ਨੰਬਰ ਮਸਾਂ ਪਾਸ ਹੋਣ ਜੋਗੇ ਹੀ ਆਏ ਹਨ। ਵੱਧ ਨਹੀਂ ਆਏ। ਉਹ ਆ ਵੀ ਨਹੀਂ ਸਕਦੇ। ਉਹ ਕਿਹੜਾ ਚੰਡੀਗੜ੍ਹ ਦੇ ਕਿਸੇ ਪਬਲਿਕ ਸਕੂਲ ਵਿਚ ਪੜ੍ਹਿਆ ਹੋਇਆ ਹੈ? ਹੁਣ ਉਹ ਪਿੰਡ ਵਿਚ ਵਿਹਲਾ ਹੈ। ਉਹਦੇ ਘਰ ਦੀ ਖੇਤੀ ਏਨੀ ਥੋੜ੍ਹੀ ਹੈ ਕਿ ਉੱਥੇ ਉਹਦੀ ਲੋੜ ਨਹੀਂ। ਕੀ ਕਰੇ? ਵਿਹਲਾ ਨਸ਼ੇ ਦੀਆਂ ਗੋਲੀਆਂ ਦਾ ਆਦੀ ਹੋ ਗਿਆ ਹੈ। ਇਹਦੇ ਵਿਚੋਂ ਉਹਨੂੰ ਰਾਹਤ ਮਿਲਦੀ ਹੈ। ਉਹਦੇ ਹਲਕੇ 'ਚੋਂ ਜਿੱਤਕੇ ਮੰਤਰੀ ਬਣੇ 'ਜਥੇਦਾਰ' ਨੇ ਉਹਦੇ ਬਾਪ ਨੂੰ ਯਕੀਨ/ਲਾਰਾ ਲਾਇਆ ਹੈ ਕਿ ਉਹਨੂੰ ਨੌਕਰੀ ਮਿਲ ਸਕਦੀ ਹੈ। ਪੁਲਿਸ ਵਿਚ ਉਹ ਸਿਪਾਹੀ ਭਰਤੀ ਹੋ ਸਕਦਾ ਹੈ, ਜੇ ਉਹ ਥੋੜ੍ਹੀ ਜਿਹੀ ਰਕਮ ਦਾ ਬੰਦੋਬਸਤ ਕਰ ਲਵੇ। ਇਹ ਥੋੜ੍ਹੀ ਰਕਮ ਇਕ ਲੱਖ ਵੀ ਹੋ ਸਕਦੀ ਹੈ। ਕੁਲਦੀਪ ਸਿੰਘ ਕਿਸੇ ਏਜੰਟ ਦੇ ਰਾਹੀ ਬਾਹਰਲੇ ਦੇਸ਼ ਵਿਚ ਵੀ ਜਾ ਸਕਦਾ ਹੈ। ਉਹ ਆਪਣੇ ਬਾਪੂ ਨੂੰ ਤਿੰਨ ਚਾਰ ਕਿੱਲੇ ਜ਼ਮੀਨ ਵੇਚਣ 'ਤੇ ਵੀ ਮਜਬੂਰ ਕਰ ਸਕਦਾ ਹੈ। ਕੁਲਦੀਪ ਸਿੰਘ ਨੌਜਵਾਨ ਦਾ ਮਸਲਾ ਪੰਜਾਬ ਦੇ ਬਹੁਤੇ ਪੇਂਡੂ ਨੌਜਵਾਨਾਂ ਦਾ ਹੈ। ਮਸਲੇ ਦਾ ਕੋਈ ਹੱਲ ਲੱਭਣ ਵੱਲ ਤਾਂ ਹੀ ਤੁਰਿਆ ਜਾ ਸਕਦਾ ਹੈ, ਜੇ ਅਖ਼ਬਾਰਾਂ ਵਿਚ ਮਸਲੇ ਦਾ ਜਾਂ ਹੋਰ ਮਸਲਿਆਂ ਦਾ ਜ਼ਿਕਰ ਲਗਾਤਾਰਤਾ ਨਾਲ ਆਉਂਦਾ ਰਹੇ ਅਤੇ ਸਰਕਾਰ ਨੂੰ ਮਜਬੂਰ ਕੀਤਾ ਜਾਏ ਕਿ ਉਹ ਇਨ੍ਹਾਂ ਮਸਲਿਆਂ ਬਾਰੇ ਫ਼ਿਕਰ ਕਰੇ। ਪਰ ਅਖ਼ਬਾਰਾਂ ਲਈ ਕੁਲਦੀਪ ਸਿੰਘ ਦੀ ਵਰਲਡ ਸਿੱਖ ਕੌਂਸਲ ਤੋਂ ਅਸਤੀਫ਼ੇ ਦੀ ਖ਼ਬਰ ਬਹੁਤੀ ਦਿਲਚਸਪੀ ਰੱਖਦੀ ਹੈ। ਕੋਈ ਪੁੱਛੇ ਭਲਾ ਇਸ ਖ਼ਬਰ ਦਾ, ਜਿਹਦੇ ਬਾਰੇ ਕਾਲਮ ਦੇ ਕਾਲਮ ਭਰੇ ਹੋਏ ਹਨ ਅਤੇ ਸੁਰਖੀਆਂ ਵੀ ਵੱਡੀਆਂ ਹਨ, ਸਾਧਾਰਨ ਬੰਦੇ ਦਾ ਕੋਈ ਸਰੋਕਾਰ ਹੈ? ਜਵਾਬ ਨਹੀਂ ਤੋਂ ਸਿਵਾ ਹੋਰ ਕੋਈ ਨਹੀਂ ਹੋ ਸਕਦਾ। ਸਾਧਾਰਨ ਬੰਦਾ ਖ਼ਬਰਾਂ ਤੋਂ, ਸਰਕਾਰ ਦੇ ਫ਼ਿਕਰ ਤੋਂ ਬਾਹਰ ਹੋ ਗਿਆ ਹੈ। ਉਹ ਚੰਡੀਗੜ੍ਹ ਜਾਂ ਮੁਹਾਲੀ ਦੇ ਕਿਸੇ ਲੇਬਰ ਚੌਕ 'ਤੇ ਖੜ੍ਹਾ ਹੈ ਖ਼ਬਰ ਵਾਲਿਆਂ ਨੇ ਉਥੇ ਜਾ ਕਦੇ ਕੈਮਰਾ ਨਹੀਂ ਵਰਤਿਆ। ਕਿਸੇ ਪੱਤਰਕਾਰਾਂ ਨੇ ਮਿਹਨਤ ਨਹੀਂ ਕੀਤੀ ਕਿ ਜਾਣਕਾਰੀ ਲਵੇ ਕਿ ਸੈਂਕੜਿਆਂ ਦੀ ਗਿਣਤੀ ਵਿਚ ਆਉਣ ਵਾਲਿਆਂ 'ਚੋਂ ਕਿੰਨਿਆਂ ਨੂੰ ਦਿਹਾੜੀ ਮਿਲਦੀ ਹੈ? ਕਿੰਨੇ ਬੇਆਸ ਹੋ ਕੇ ਵਾਪਸ ਜਾਂਦੇ ਹਨ? ਦਿਹਾੜੀ ਦੇਣ ਲੈਣ ਵਾਲੇ ਕਿਸ ਤਰ੍ਹਾਂ ਕੰਮ ਕਰਨ ਵਾਲੇ ਦੀ ਤੰਦਰੁਸਤੀ ਨੂੰ ਘੋਖਦੇ ਹਨ? ਮਨੁੱਖ ਦੀ ਮਿਹਨਤ ਸ਼ਕਤੀ ਦਾ ਹਰ ਰੋਜ਼ ਸਰ੍ਹੇਆਮ ਲੋਕਾਂ ਵੱਡਾ ਅਪਮਾਨ ਹੁੰਦਾ ਹੈ। ਇਹ ਕਿਸਦਾ ਫ਼ਿਕਰ ਹੈ? ਅਖ਼ਬਾਰ ਦਾ ਵੱਡਾ ਫ਼ਿਕਰ ਹੈ ਕਿ ਰਵੀਇੰਦਰ ਸਿੰਘ ਬਾਦਲ ਤੋਂ ਬਾਗ਼ੀ ਹੋ ਗਿਆ ਹੈ। ਕੀ ਸਾਧਾਰਨ ਬੰਦੇ ਨੂੰ ਇਸ ਨਾਲ ਕੋਈ ਫ਼ਰਕ ਪੈਂਦਾ ਹੈ ਕਿ ਰਵੀਇੰਦਰ ਸਿੰਘ ਬਾਦਲ ਨਾਲ ਰਹਿੰਦਾ ਹੈ ਜਾਂ ਟੌਹੜੇ ਨਾਲ ਰਹਿੰਦਾ ਹੈ? ਪ੍ਰੈਸ ਜਿਨ੍ਹਾਂ ਮੁੱਦਿਆਂ ਨੂੰ ਮਹੱਤਤਾ ਦੇਂਦਾ ਹੈ, ਕਾਲਮਾਂ ਦੇ ਕਾਲਮ ਭਰਦਾ ਹੈ, ਉਨ੍ਹਾਂ ਵਿਚ ਬਹੁਤੇ ਮੁੱਦੇ ਉਹ ਹਨ, ਜਿਨ੍ਹਾਂ ਦਾ ਸਾਧਾਰਨ ਬੰਦੇ ਦੀ ਜ਼ਿੰਦਗੀ ਨਾਲ ਕੋਈ ਸਰੋਕਾਰ ਨਹੀਂ। ਇਹੀ ਗੱਲ ਉਹਦੇ ਵਿਰੁੱਧ ਇਕ ਸਾਜਿਸ਼ ਦਾ ਰੂਪ ਧਾਰ ਰਹੀ ਹੈ। ਇਹਦੇ ਬਾਰੇ ਚੇਤੰਨ ਹੋਣ ਦੀ ਲੋੜ ਹੈ। ਚੰਗੀ ਜ਼ਿੰਦਗੀ ਦੇ ਸੰਘਰਸ਼ ਲਈ ਇਹ ਜ਼ਰੂਰੀ ਹੈ। ਖ਼ਬਰਾਂ ਸੰਘਰਸ਼ਾਂ ਲਈ ਜ਼ਰੂਰੀ ਹਨ, ਵੱਡਿਆਂ ਦੀਆਂ ਕਲਾਬਾਜ਼ੀਆਂ ਲਈ ਨਹੀਂ।